Bcm School Basant Avenue Dugri Class 7 Punjabi Assignment

ਪ੍ਰਸ਼ਨ 1 ਹੇਠਾਂ ਦਿੱਤੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਚੁਣੋ:-

ਸਾਡਾ ਜੀਵਨ ਕੁਦਰਤ ਨਾਲ ਗਹਿਰਾ ਸੰਬੰਧ ਰੱਖਦਾ ਹੈ। ਰੁੱਖ, ਪੌਦੇ, ਨਦੀਆਂ ਅਤੇ ਹਵਾ ਸਾਨੂੰ ਜੀਊਣ ਲਈ ਜ਼ਰੂਰੀ ਤੱਤ ਪ੍ਰਦਾਨ ਕਰਦੇ ਹਨ। ਪਰ ਅੱਜ ਦੇ ਸਮੇਂ ਵਿੱਚ ਇਨਸਾਨ ਆਪਣੇ ਸੁਵਿਧਾ ਲਈ ਜੰਗਲ ਕੱਟ ਰਿਹਾ ਹੈ ਅਤੇ ਪ੍ਰਦੂਸ਼ਣ ਵਧਾ ਰਿਹਾ ਹੈ। ਜੇਕਰ ਇਹੀ ਹਾਲ ਚੱਲਦਾ ਰਿਹਾ, ਤਾਂ ਭਵਿੱਖ ਵਿੱਚ ਸਾਡੀ ਧਰਤੀ ਰਹਿਣ ਯੋਗ ਨਹੀਂ ਰਹੇਗੀ। ਇਸ ਲਈ ਹਰ ਵਿਅਕਤੀ ਦਾ ਕਰਤੱਬ ਹੈ ਕਿ ਉਹ ਪ੍ਰਕ੍ਰਿਤੀ ਦੀ ਰੱਖਿਆ ਕਰੇ, ਰੁੱਖ ਲਗਾਏ ਅਤੇ ਪਾਣੀ ਦੀ ਬੱਚਤ ਕਰੇ। ਜੇ ਅਸੀਂ ਕੁਦਰਤ ਨਾਲ ਪਿਆਰ ਕਰਾਂਗੇ ਤਾਂ ਕੁਦਰਤ ਸਾਨੂੰ ਦੋਗੁਣਾ ਫ਼ਲ ਦੇਵੇਗੀ।

1. ਕੁਦਰਤ ਸਾਨੂੰ ਕੀ ਕੁਝ ਪ੍ਰਦਾਨ ਕਰਦੀ ਹੈ?
a) ਕੇਵਲ ਪਾਣੀ
b) ਜੀਊਣ ਲਈ ਜ਼ਰੂਰੀ ਤੱਤ
c) ਮਨੋਰੰਜਨ
d) ਧਨ-ਦੌਲਤ

2. ਇਨਸਾਨ ਕੀ ਕਰ ਰਿਹਾ ਹੈ ਜਿਸ ਨਾਲ ਪ੍ਰਦੂਸ਼ਣ ਵੱਧ ਰਿਹਾ ਹੈ?
a) ਰੁੱਖ ਲਗਾ ਰਿਹਾ ਹੈ
b) ਨਦੀਆਂ ਸਾਫ਼ ਕਰ ਰਿਹਾ ਹੈ
c) ਜੰਗਲ ਕੱਟ ਰਿਹਾ ਹੈ
d) ਹਵਾ ਸ਼ੁੱਧ ਕਰ ਰਿਹਾ ਹੈ

3. ਜੇ ਅਸੀਂ ਪ੍ਰਕ੍ਰਿਤੀ ਦੀ ਰੱਖਿਆ ਨਾ ਕਰੀਏ ਤਾਂ ਕੀ ਹੋਵੇਗਾ?
a) ਧਰਤੀ ਹੋਰ ਸੁੰਦਰ ਬਣੇਗੀ
b) ਮੌਸਮ ਠੰਢਾ ਰਹੇਗਾ
c) ਧਰਤੀ ਰਹਿਣ ਯੋਗ ਨਹੀਂ ਰਹੇਗੀ
d) ਪਾਣੀ ਵੱਧ ਜਾਵੇਗਾ

4. ਹਰ ਵਿਅਕਤੀ ਦਾ ਕਰਤੱਬ ਕੀ ਹੈ?
a) ਪ੍ਰਦੂਸ਼ਣ ਫੈਲਾਉਣਾ
b) ਕੁਦਰਤ ਦੀ ਰੱਖਿਆ ਕਰਨਾ
c) ਰੁੱਖ ਕੱਟਣਾ
d) ਪਾਣੀ ਵਿਅਰਥ, ਬਰਬਾਦ ਕਰਨਾ

5. ਪੈਰ੍ਹੇ ਅਨੁਸਾਰ, ਜੇ ਅਸੀਂ ਕੁਦਰਤ ਨਾਲ ਪਿਆਰ ਕਰਾਂਗੇ ਤਾਂ ਕੀ ਹੋਵੇਗਾ?
a) ਕੁਦਰਤ ਸਾਨੂੰ ਸਜ਼ਾ ਦੇਵੇਗੀ
b) ਕੁਦਰਤ ਸਾਨੂੰ ਦੋਗੁਣਾ ਫ਼ਲ ਦੇਵੇਗੀ
c) ਕੁਦਰਤ ਗਾਇਬ ਹੋ ਜਾਵੇਗੀ
d) ਕੁਦਰਤ ਰੁੱਸ ਜਾਵੇਗੀ

ਪ੍ਰਸ਼ਨ 2 ਅਣਡਿੱਠੀ ਕਾਵਿ ਟੁਕੜੀ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਚੁਣੋ।

ਕੁਦਰਤ ਦੀ ਗੋਦ ਵਿੱਚ ਬੈਠ ਕੇ ਜਦ ਸੋਚਾਂ ਜੀਵਨ ਦੀ ਗੱਲ,
ਲੱਗਦਾ ਹਰ ਰੁੱਖ ਸਿੱਖਾ ਰਿਹਾ ਹੈ ਮਿਹਨਤ ਦਾ ਅਸਲ ਮੁੱਲ।
ਨਦੀ ਕਦੇ ਨਾ ਥੱਕਦੀ, ਪੱਥਰਾਂ ਨਾਲ ਵੀ ਕਰੇ ਖੇਡ,
ਹਵਾ ਦੇ ਨਾਲ ਗੂੰਜੇ ਸੁਨੇਹਾ — ਕਰ ਮਿਹਨਤ, ਨਾ ਹੋਵੇ ਫੇਲ।
ਜੋ ਮਿਹਨਤ ਦਾ ਰਾਹ ਪਕੜਦਾ, ਉਹੀ ਸੱਚਾ ਮਨੁੱਖ ਕਹਾਂਏ,
ਕੁਦਰਤ ਵੀ ਉਸ ਦੇ ਅੱਗੇ ਝੁਕ ਕੇ ਅਸੀਸਾਂ ਵਰਸਾਂਏ।

1. ਕਵੀ ਕਿੱਥੇ ਬੈਠ ਕੇ ਜੀਵਨ ਬਾਰੇ ਸੋਚਦਾ ਹੈ?
a) ਘਰ ਵਿੱਚ

b) ਕੁਦਰਤ ਦੀ ਗੋਦ ਵਿੱਚ
c) ਸਕੂਲ ਵਿੱਚ
d) ਮੰਦਰ ਵਿੱਚ

2. ਰੁੱਖ ਸਾਨੂੰ ਕੀ ਸਿੱਖਾਉਂਦੇ ਹਨ?
a) ਆਲਸੀ ਬਣਨਾ
b) ਮਿਹਨਤ ਦਾ ਮੋਲ
c) ਗਾਣਾ ਗਾਉਣਾ
d) ਖੇਡਣਾ

3. ਨਦੀ ਕਦੇ ਕਿਉਂ ਨਹੀਂ ਥੱਕਦੀ?
a) ਕਿਉਂਕਿ ਉਸਨੂੰ ਖੇਡਣ ਦਾ ਸ਼ੌਕ ਹੈ
b) ਕਿਉਂਕਿ ਉਹ ਮਿਹਨਤ ਦੀ ਪ੍ਰਤੀਕ ਹੈ
c) ਕਿਉਂਕਿ ਉਹ ਹਵਾ ਨਾਲ ਉੱਡਦੀ ਹੈ
d) ਕਿਉਂਕਿ ਉਸਦੇ ਕੋਈ ਕੰਮ ਨਹੀਂ

4. "ਹਵਾ ਦੇ ਨਾਲ ਗੂੰਜੇ ਸੁਨੇਹਾ" ਵਿੱਚ ਕਵੀ ਕੀ ਦੱਸਣਾ ਚਾਹੁੰਦਾ ਹੈ?
a) ਹਵਾ ਗੀਤ ਗਾਂਦੀ ਹੈ
b) ਹਵਾ ਸ਼ੋਰ ਮਚਾਂਦੀ ਹੈ
c) ਹਵਾ ਮਿਹਨਤ ਕਰਨ ਦਾ ਸੁਨੇਹਾ ਦਿੰਦੀ ਹੈ
d) ਹਵਾ ਰੁੱਖਾਂ ਨੂੰ ਹਿਲਾਂਦੀ ਹੈ

5. ਪੂਰੀ ਕਵਿਤਾ ਦਾ ਮੁੱਖ ਸੰਦੇਸ਼ ਕੀ ਹੈ?
a) ਮਿਹਨਤ ਕਰਨ ਵਾਲਾ ਹੀ ਸੱਚਾ ਮਨੁੱਖ ਹੈ
b) ਕੁਦਰਤ ਸੁੰਦਰ ਹੈ
c) ਪਾਣੀ ਦੀ ਕਦਰ ਕਰੋ
d) ਰੁੱਖ ਬਹੁਤ ਲਾਭਦਾਇਕ ਹਨ
ਹੇਠਾਂ ਦਿੱਤੇ ਪ੍ਰਸ਼ਨਾਂ ਨੂੰ ਪੜ੍ਹ ਕੇ ਵਿਸਥਾਰ ਵਿੱਚ ਉੱਤਰ ਲਿਖੋ।
ਪ੍ਰਸ਼ਨ 3. ਪਲਾਸਟਿਕ ਦੇ ਲਿਫ਼ਾਫ਼ੇ ਕੁਦਰਤ ਲਈ ਘਾਤਕ ਹਨ ਦੱਸੋ ਕਿਵੇਂ?
ਪ੍ਰਸ਼ਨ 4 ਬਾਬਾ ਭਾਰਤੀ ਨੇ ਆਪਣਾ ਘੋੜਾ ਮੁੜ ਕਿਵੇਂ ਪ੍ਰਾਪਤ ਕੀਤਾ?
ਪ੍ਰਸ਼ਨ 5 ਤੁਹਾਨੂੰ ਪੰਜਾਬ ਦਾ ਵਿਰਸਾ ਕਿਵੇਂ ਲੱਗਦਾ ਹੈ ?ਦੱਸੋ
ਪ੍ਰਸ਼ਨ 6. ਭਾਰਤ ਵਿੱਚ ਉਹਨਾਂ ਕੰਪਨੀਆਂ ਦੇ ਨਾਂ ਲਿਖੋ ਜੋ ਲਿਫ਼ਾਫ਼ਿਆਂ ਉੱਪਰ ਆਪਣਾ ਨਾਮ ਲਿਖਾ ਕੇ ਇਸ ਦੀ ਵਰਤੋਂ ਰਹੀਆਂ ਹਨ?
ਪ੍ਰਸ਼ਨ 7. ਪੰਜਾਬੀ ਵਿਰਸੇ ਵਿੱਚੋਂ ਅਲੋਪ ਹੋ ਚੁੱਕੀਆਂ ਵਸਤਾਂ ਦੇ ਨਾਮ ਲਿਖੋ?
ਪ੍ਰਸ਼ਨ 8 ਹਾਰ ਦੀ ਜਿੱਤ ਪਾਠ ਤੋ ਤੁਹਾਨੂੰ ਕੀ ਸਿੱਖਿਆ ਮਿਲਦੀ ਹੈ ?
ਪ੍ਰਸ਼ਨ 9 ਹੇਠਾਂ ਦਿੱਤੇ ਸ਼ਬਦਾਂ ਦੇ ਵਾਕ ਬਣਾਓ।
ਵਿੱਸਰ, ਮਸ਼ਹੂਰੀ, ਅਹਿਸਾਸ, ਤਬੇਲੇ, ਅਵੇਸਲੇ
ਪ੍ਰਸ਼ਨ 10 ਹੇਠਾਂ ਦਿੱਤੇ ਸ਼ਬਦ ਕਿਸ ਨੇ ਕਿਸ ਨੂੰ ਕਹੇ।
੧. ਤੂੰ ਇਹ ਘੋੜਾ ਮੇਰੇ ਕੋਲੋਂ ਖੋ ਲਿਆ ਹੈ।
੨. ਹੁਣ ਕੋਈ ਦੀਨ - ਦੁਨੀਆ ਤੋਂ ਮੁੱਖ ਨਹੀਂ ਮੋੜੇਗਾ।
੩. ਮੈਂ ਇਹ ਘੋੜਾ ਤੁਹਾਡੇ ਕੋਲ ਨਹੀਂ ਰਹਿਣ ਦੇਵਾਂਗਾ।
੪. ਮੈਂ ਰਮਾਵਾਲਾ ਪਿੰਡ ਜਾਣਾ ਹੈ।
੫. ਦੱਸੋ ,ਇਧਰ ਕਿਵੇਂ ਆਏ?